# ਦਫ਼ਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ

(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਸਿੱਖਿਆ ਅਫ਼ਸਰ,
2. ਸਮੂਹ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.),
3. ਸਮੂਹ ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰਜ਼ ਅਤੇ
4. ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿਖਲਾਈ ਅਤੇ ਸਿੱਖਿਆ ਸੰਸਥਾ।

ਮੀਮੋ ਨੰ: 15/34-2016ਕੋ.ਸੈਲ(1)

ਮਿਤੀ: 24.01.2017

ਵਿਸ਼ਾ:- **eHRMS ਪੋਰਟਲ ਉੱਤੇ ਸਿੱਖਿਆ ਵਿਭਾਗ ਦੇ ਅਮਲੇ ਦੇ ਸਰਵਿਸ ਰਿਕਾਰਡ ਦੇ ਅੱਪਲੋਡ ਸਬੰਧੀ।**

eHRMS (Human Resource Management System) ਵਿੱਤ ਵਿਭਾਗ, ਪੰਜਾਬ ਸਰਕਾਰ ਵੱਲੋਂ ਸਮੂਹ ਵਿਭਾਗਾਂ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਇਸ ਸਿਸਟਮ ਦੀ ਟ੍ਰੇਨਿੰਗ ਸਮੂਹ ਵਿਭਾਗਾਂ ਨੂੰ ਪਹਿਲਾਂ ਹੀ ਦਿੱਤੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸਮੂਹ ਦਫ਼ਤਰਾਂ ਅਤੇ ਸਕੂਲਾਂ ਦੇ ਡੀ.ਡੀ.ਓਜ਼. ਨੂੰ ਲਾਗਇੰਨ ਅਤੇ ਪਾਸਵਰਡ ਆਦਿ ਵੀ ਐਨ.ਆਈ.ਸੀ. ਵੱਲੋਂ ਮੁਹੱਈਆ ਕਰਵਾਏ ਗਏ ਹਨ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਅਪਲੋਡ ਕੀਤੀਆਂ ਗਈਆਂ ਸਰਵਿਸ ਬੁੱਕ ਦੇ ਰਿਕਾਰਡ ਉਨ੍ਹਾਂ ਦੇ ਡੀ.ਡੀ.ਓਜ਼ ਵੱਲੋਂ ਵੈਰੀਫਾਈ eHRMS portal ਤੇ ਕੀਤੇ ਜਾਣ।ਅਧਿਕਾਰੀ/ਕਰਮਚਾਰੀ ਦੀ ਸਰਵਿਸ ਰਿਕਾਰਡ ਵਿੱਚ ਘੱਟੋ ਘੱਟ ਐਂਟਰੀ ਮਾਰਚ 2015 ਤੋਂ ਹੁਣ ਤੱਕ ਦਾ ਰਿਕਾਰਡ ਅਪਲੋਡ ਅਤੇ ਸਬੰਧਤ ਡੀ.ਡੀ.ਓਜ਼ ਵੱਲੋਂ ਵੈਰੀਫਾਈ ਵੀ ਕੀਤਾ ਜਾਵੇ।ਜੇਕਰ ਕਿਸੇ ਅਧਿਕਾਰੀ ਜਾਂ ਕਰਮਚਾਰੀ ਦਾ ਰਿਕਾਰਡ ਸਬੰਧਤ ਡੀ.ਡੀ.ਓਜ਼ ਵੱਲੋਂ ਵੈਰੀਫਾਈ ਨਹੀਂ ਹੁੰਦਾ ਤਾਂ ਉਨ੍ਹਾਂ ਅਧਿਕਾਰੀ/ਕਰਮਚਾਰੀ ਦੀ ਤਨਖਾਹ ਤੇ ਮਾਰਚ, 2017 ਤੋ ਵਿੱਤ ਵਿਭਾਗ ਵੱਲੋਂ ਰੋਕ ਲੱਗ ਜਾਵੇਗੀ।

ਆਪਣੇ ਜਿਲ੍ਹੇ ਦੇ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਰਵਿਸ ਰਿਕਾਰਡ ਅਤੇ ਉਨ੍ਹਾਂ ਦੀ ਵੈਰੀਫਿਕੇਸ਼ਨ ਸਬੰਧਤ ਡੀ.ਡੀ.ਓਜ਼ ਵੱਲੋਂ eHRMS ਦੀ ਸਾਈਟ ਤੇ ਅਪਲੋਡ ਕੀਤੇ ਜਾਣ ਦਾ ਸਰਟੀਫਿਕੇਟ ਸਮੂਹ ਜਿਲ੍ਹਾ ਸਿੱਖਿਆ ਅਫਸਰ 10 ਫਰਵਰੀ, 2017 ਤੱਕ ਸਹੀ ਕਰਤਾ ਕੋਲ ਪੁਜਦਾ ਕਰਨਗੇ।ਜਿਲ੍ਹਾ ਸਿੱਖਿਆ ਅਫਸਰ ਵੱਲੋਂ ਆਪਣੇ ਜਿਲ੍ਹੇ ਦਾ ਸਰਟੀਫਿਕੇਟ ਨਾ ਦੇਣ ਦੀ ਸੂਰਤ ਵਿੱਚ ਅਨੁਸ਼ਾਸਨੀ ਕਾਰਵਾਈ ਕਰਨ ਲਈ ਉਚ ਅਧਿਕਾਰੀਆਂ ਨੂੰ ਲਿਖ ਦਿੱਤਾ ਜਾਵੇਗਾ।

ਨੋਡਲ ਅਫ਼ਸਰ
ਦ: ਡੀ.ਪੀ.ਆਈ. (ਸੈ.ਸਿ.), ਪੰਜਾਬ

ਪਿੱਠ ਅੰਕਣ ਨੰ: ਉਕਤ

ਮਿਤੀ 24.01.2017

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ ਟੂ ਮਾਨਯੋਗ ਵਧੀਕ ਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਪੀ.ਏ. ਟੂ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।
4. ਪੀ.ਏ. ਟੂ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।
5. ਪੀ.ਏ. ਟੂ ਡਾਇਰੈਕਟਰ ਐਸ.ਸੀ.ਈ.ਆਰ.ਟੀ., ਪੰਜਾਬ।

ਨੋਡਲ ਅਫ਼ਸਰ
ਦ: ਡੀ.ਪੀ.ਆਈ. (ਸੈ.ਸਿ.), ਪੰਜਾਬ